# ਬੱਚਿਆਂ ਅਤੇ ਨੌਜਵਾਨਾਂ ਦੀ ਰੱਖਿਆ ਕਰਨੀ:

# ਚਾਰਟਰ (ਅਧਿਕਾਰ ਪੱਤਰ)



protecting
Scotland's Children and Young People

SCOTTISH EXECUTIVE

## ਬੱਚਿਆਂ ਅਤੇ ਨੌਜਵਾਨਾਂ ਦੀ ਰੱਖਿਆ ਕਰਨੀ:

# ਚਾਰਟਰ (ਅਧਿਕਾਰ ਪੱਤਰ)

**ਬੱਚਿਆਂ ਅਤੇ ਨੌਜਵਾਨਾਂ ਵਲੋਂ ਸਪਸ਼ਟ ਸੰਦੇਸ਼ ਹੈ:**

ਬੱਚਿਆਂ ਅਤੇ ਨੌਜਵਾਨਾਂ ਦੇ ਰੂਪ ਵਿੱਚ, ਸਾਨੂੰ ਅਧਿਕਾਰ ਹੈ ਕਿ ਦੂਜੇ ਲੋਕਾਂ ਦੁਆਰਾ ਨੁਕਸਾਨ ਪਹੁੰਚਾਏ ਜਾਣ ਤੋਂ ਸਾਡੀ ਰੱਖਿਆ ਕੀਤੀ ਜਾਵੇ ਅਤੇ ਅਸੀਂ ਇਸ ਤੋਂ ਸੁਰੱਖਿਅਤ ਰਹੀਏ। ਜਦੋਂ ਸਾਨੂੰ ਕੋਈ ਮੁਸ਼ਕਲਾਂ ਜਾਂ ਸਮੱਸਿਆਵਾਂ ਹੁੰਦੀਆਂ ਹਨ ਤਾਂ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ:





- ਸਾਨੂੰ ਸਮਝੋ
- ਸਾਡੇ ਨਾਲ ਗੱਲ ਕਰੋ
- ਸਾਡੀ ਗੱਲ ਸੁਣੋ
- ਸਾਡੀਆਂ ਗੱਲਾਂ ਨੂੰ ਗੰਭੀਰਤਾ ਨਾਲ ਲਵੋ
- ਸਾਨੂੰ ਸ਼ਾਮਲ ਕਰੋ
- ਸਾਡੇ ਏਕਾਂਤ ਦਾ ਆਦਰ ਕਰੋ
- ਸਾਡੇ ਲਈ ਜ਼ਿੰਮੇਵਾਰ ਬਣੋ
- ਸਾਡੇ ਜੀਵਨ ਦੇ ਸਾਰੇ ਪੱਖਾਂ ਬਾਰੇ ਸੋਚੋ
- ਇਸ ਬਾਰੇ ਧਿਆਨ ਨਾਲ ਸੋਚੋ ਕਿ ਤੁਸੀਂ ਸਾਡੇ ਬਾਰੇ ਜਾਣਕਾਰੀ ਕਿਵੇਂ ਇਸਤੇਮਾਲ ਕਰਦੇ ਹੋ
- ਸਾਡਾ ਸੰਪਰਕ ਸਹੀ ਵਿਅਕਤੀਆਂ ਨਾਲ ਕਰਵਾਓ
- ਮਦਦ ਕਰਨ ਲਈ ਆਪਣੀ ਤਾਕਤ ਇਸਤੇਮਾਲ ਕਰੋ
- ਉਸ ਸਮੇਂ ਕਾਰਵਾਈ ਕਰੋ ਜਦੋਂ ਲੋੜ ਹੋਵੇ
- ਸੁਰੱਖਿਅਤ ਰਹਿਣ ਵਿੱਚ ਸਾਡੀ ਮਦਦ ਕਰੋ



**ਇਸ ਸੰਦੇਸ਼ ਸਾਡੇ ਸਭ ਲਈ ਹੈ** - ਸਿਆਸਤਦਾਨਾਂ, ਕਮਿਉਨਿਟੀਆਂ, ਮਾਤਾ-ਪਿਤਾ, ਪਰਿਵਾਰ, ਗੁਆਂਢੀ; ਅਤੇ ਇਸਦੇ ਨਾਲ ਹੀ ਪੁਲੀਸ, ਸਿਹਤ, ਸੋਸ਼ਲ ਵਰਕ, ਅਤੇ ਐਜੂਕੇਸ਼ਨ ਅਥਾੱਰਿਟੀਆਂ; ਅਤੇ ਉਹ ਲੋਕ ਜੋ ਸਿੱਧਾ ਬੱਚਿਆਂ ਅਤੇ ਨੌਜਵਾਨਾਂ ਨਾਲ ਕੰਮ ਕਰਦੇ ਹਨ - ਇਸ ਬਾਰੇ ਕਿ ਉਹਨਾਂ ਲਈ ਕੀ ਮਹੱਤਵਪੂਰਨ ਹੈ ਅਤੇ ਉਹਨਾਂ ਦੀ ਰੱਖਿਆ ਕਰਨ ਵਿੱਚ ਅਸੀਂ ਕਿਵੇਂ ਮਦਦ ਕਰ ਸਕਦੇ ਹਾਂ।

protecting
Scotland's Children and Young People

# ਸਕੋਟਲੈਂਡ ਦੇ ਉਹਨਾਂ ਬੱਚਿਆਂ ਅਤੇ ਨੌਜਵਾਨਾਂ, ਜਿਹਨਾਂ ਨਾਲ ਦੁਰਵਿਹਾਰ ਜਾਂ ਅਣਗਹਿਲੀ ਹੋਣ ਦਾ ਖ਼ਤਰਾ ਹੈ, ਨਾਲ ਅਸੀਂ ਵਾਅਦਾ ਕਰਦੇ ਹਾਂ ਕਿ:

- ਤੁਹਾਨੂੰ ਉਸ ਸਮੇਂ ਤੁਹਾਡੀ ਲੋੜ ਦੀ ਮਦਦ ਮਿਲੇਗੀ ਜਦੋਂ ਤੁਹਾਨੂੰ ਇਸਦੀ ਲੋੜ ਹੋਵੇਗੀ;
- ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਠੀਕ-ਠਾਕ ਹੋ ਤੁਹਾਨੂੰ ਕਿਸੇ ਪੇਸ਼ਾਵਰ ਦੁਆਰਾ ਦੇਖਿਆ ਜਾਵੇਗਾ ਜਿਵੇਂ ਕਿ ਕੋਈ ਟੀਚਰ, ਡਾਕਟਰ ਜਾਂ ਸੋਸ਼ਲ ਵਰਕਰ, ਅਤੇ ਹੋਰ ਖ਼ਤਰੇ ਵਿੱਚ ਨਹੀਂ ਪਾਇਆ ਜਾਵੇਗਾ;
- ਤੁਹਾਡੀ ਗੱਲ ਨੂੰ ਗੰਭੀਰਤਾ ਨਾਲ ਸੁਣਿਆ ਜਾਵੇਗਾ, ਅਤੇ ਤੁਹਾਡੀ ਮਦਦ ਕਰਨ ਲਈ ਪੇਸ਼ਾਵਰ ਆਪਣੀ ਤਾਕਤ ਇਸਤੇਮਾਲ ਕਰਨਗੇ;
- ਜਦੋਂ, ਅਤੇ ਜੇ, ਤੁਸੀਂ ਚਾਹੋ ਤਾਂ ਤੁਸੀਂ ਆਪਣੇ ਮਾਮਲਿਆਂ ਬਾਰੇ ਇਕਾਂਤ ਵਿੱਚ ਗੱਲਬਾਤ ਕਰ ਸਕੋਗੇ;
- ਤੁਹਾਡੇ ਜੀਵਨ ਬਾਰੇ ਕੀਤੇ ਗਏ ਫ਼ੈਸਲਿਆਂ ਵਿੱਚ ਤੁਹਾਨੂੰ ਸ਼ਾਮਲ ਕੀਤਾ ਜਾਵੇਗਾ, ਅਤੇ ਇਹਨਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕੀਤੀ ਜਾਵੇਗੀ; ਅਤੇ
- ਤੁਹਾਡੀ ਮਦਦ ਕਰਨ ਲਈ ਇੱਕ ਨਾਮਾਂਕਿਤ ਵਿਅਕਤੀ ਹੋਵੇਗਾ।




# ਅਤੇ ਤੁਹਾਡੀ ਮਦਦ ਕਰ ਰਹੇ ਲੋਕ:

- ਤੁਹਾਡੀ ਰੱਖਿਆ ਕਰਨ ਲਈ ਜਾਣਕਾਰੀ ਨੂੰ ਆਪਸ ਵਿੱਚ ਵੰਡਣਗੇ;
- ਤੁਹਾਡੇ ਜੀਵਨ ਦੇ ਦੂਜੇ ਹਿੱਸਿਆਂ ਵਿੱਚ ਵਿਘਨ ਨੂੰ ਘੱਟ ਤੋਂ ਘੱਟ ਕਰਨਗੇ;
- ਤੁਹਾਡੇ ਵਲੋਂ ਕੰਮ ਕਰਦੇ ਹੋਏ ਮਿਲ ਕੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨਗੇ;
- ਕਾਬਲ, ਆਤਮਵਿਸ਼ਵਾਸੀ, ਪੂਰੀ ਤਰ੍ਹਾਂ ਨਾਲ ਸਿਖਲਾਈ ਪ੍ਰਾਪਤ ਹੋਣਗੇ ਅਤੇ ਉਹਨਾਂ ਨੂੰ ਸਹਾਇਤਾ ਮਿਲੇਗੀ; ਅਤੇ
- ਤੁਹਾਡੀ ਮਦਦ ਕਰਨ ਲਈ ਕੀ ਕੀਤਾ ਜਾਂਦਾ ਹੈ ਅਤੇ ਕਿਵੇਂ ਕੀਤਾ ਜਾਂਦਾ ਹੈ, ਇਸ ਵਿੱਚ ਲਗਾਤਾਰ ਸੁਧਾਰ ਲਿਆਉਣ ਲਈ ਸੇਵਾਵਾਂ ਦੀ ਸਖਤੀ ਨਾਲ ਨਿਗਰਾਨੀ ਕਰਨਗੇ।

## ਇਹ ਯਕੀਨੀ ਬਣਾਉਣ ਲਈ ਕਿ ਬੱਚਿਆਂ ਅਤੇ ਨੌਜਵਾਨਾਂ ਲਈ ਇਹਨਾਂ ਵਾਦਿਆਂ ਨੂੰ ਪੂਰਾ ਕੀਤਾ ਜਾਂਦਾ ਹੈ

# ਸਕੋਟਿਸ਼ ਐਗਜ਼ੀਕਿਊਟਿਵ ਹੇਠਾਂ ਲਿਖੇ ਕੰਮ ਕਰੇਗੀ:

- ਬੱਚਿਆਂ ਦੀ ਸੁਰੱਖਿਆ ਦੇ ਪੱਧਰਾਂ ਲਈ ਇੱਕ ਰਾਸ਼ਟਰੀ, ਬਹੁ-ਏਜੰਸੀ ਰੂਪਰੇਖਾ (ਫ੍ਰੇਮਵਰਕ ਫ਼ਾੱਰ ਸਟੈਂਡਰਡਸ) ਪ੍ਰਕਾਸ਼ਿਤ ਕਰੇਗੀ ਤਾਂ ਜੋ ਇਸ ਚਾਰਟਰ ਨੂੰ ਵਿਹਾਰਕ ਰੂਪ ਵਿੱਚ ਲਾਗੂ ਕੀਤਾ ਜਾ ਸਕੇ: ਮਾਰਚ **2004**
- ਏਜੰਸੀਆਂ ਨਾਲ ਕੰਮ ਕਰੇਗੀ ਤਾਂ ਜੋ ਉਹਨਾਂ ਦੀ ਰੱਖਿਆ ਕਰਨ ਵਿੱਚ ਮਦਦ ਕਰਨ ਦੀ ਲੋੜ, ਅਤੇ ਇਸ ਕੰਮ ਨੂੰ ਕਿਵੇਂ ਕਰਨਾ ਹੈ, ਬਾਰੇ ਕਮਿਉਨਿਟੀ ਨੂੰ ਜਾਣਕਾਰੀ ਦਿੱਤੀ ਜਾ ਸਕੇ: ਮਾਰਚ **2004** ਤੋਂ
- ਲੋਕਲ ਅਥਾਰਿਟੀਆਂ, ਸਿਹਤ ਅਤੇ ਪੁਲੀਸ ਤੋਂ ਭਰੋਸਾ ਲਵੇਗੀ ਕਿ ਉਹਨਾਂ ਨੇ ਆਪਣੀ ਗੁਣਵੱਤਾ ਯਕੀਨੀ ਬਣਾਉਣ ਵਾਲੀ ਪ੍ਰਣਾਲੀ ਦੀ ਦੁਬਾਰਾਂ ਤੋਂ ਜਾਂਚ ਕੀਤੀ ਹੈ ਤਾਂ ਜੋ ਉਹਨਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਲਗਾਤਾਰ ਸੁਧਾਰ ਯਕੀਨੀ ਬਣਾਇਆ ਜਾ ਸਕੇ: ਮਈ **2004** ਤਕ
- ਯਕੀਨੀ ਬਣਾਏਗੀ ਕਿ ਹਰ ਇੱਕ ਚਾਈਲਡ ਪ੍ਰੋਟੈਕਸ਼ਨ ਕਮੇਟੀ (ਬੱਚਿਆਂ ਦੀ ਸੁਰੱਖਿਆ ਲਈ ਕਮੇਟੀ) ਦੇ ਇਲਾਕੇ ਵਿੱਚ ਪੇਸ਼ਾਵਰਾਂ ਨੂੰ ਇਸ ਚਾਰਟਰ ਅਤੇ 'ਪੱਧਰਾਂ ਲਈ ਰੂਪਰੇਖਾ' ਬਾਰੇ ਜਾਣਕਾਰੀ ਹੋਵੇ: ਸਿਤੰਬਰ **2004** ਵਿੱਚ
- ਬਹੁ-ਖੇਤਰੀ ਜਾਂਚ-ਪੜਤਾਲਾਂ ਦੇ ਤਰੀਕੇ ਸ਼ੁਰੂ ਕਰੇਗੀ ਤਾਂ ਜੋ ਇਹ ਜਾਂਚ ਕੀਤੀ ਜਾ ਸਕੇ ਕਿ ਚਾਰਟਰ ਅਤੇ 'ਪੱਧਰਾਂ ਲਈ ਰੂਪਰੇਖਾ' ਸਾਰੀਆਂ ਏਜੰਸੀਆਂ ਵਿੱਚ ਲਾਗੂ ਕੀਤੇ ਜਾ ਰਹੇ ਹਨ: ਦਿਸੰਬਰ **2004** ਤੋਂ
- ਏਜੰਸੀਆਂ ਅਤੇ ਮੌਜੂਦਾ ਹੈਲਪਲਾਈਨਾਂ ਦੇ ਨਾਲ ਮਿਲਕੇ ਕੰਮ ਕਰੇਗੀ ਤਾਂ ਜੋ **24** ਘੰਟੇ ਚੱਲਣ ਵਾਲੀ ਬੱਚਿਆਂ ਦੀ ਸੁਰੱਖਿਆ ਦੀ ਰਾਸ਼ਟਰੀ ਸੇਵਾ (ਨੈਸ਼ਨਲ ਚਾਈਲਡ ਪ੍ਰੋਟੈਕਸ਼ਨ ਸਰਵਿਸ) ਮੁਹੱਈਆ ਕੀਤੀ ਜਾ ਸਕੇ: **2005** ਤਕ
- ਏਜੰਸੀਆਂ ਦੇ ਨਾਲ ਮਿਲਕੇ ਕੰਮ ਕਰਨਾ ਜਾਰੀ ਰੱਖੇਗੀ ਤਾਂ ਜੋ ਚਾਰਟਰ ਅਤੇ 'ਪੱਧਰਾਂ ਲਈ ਰੂਪਰੇਖਾ' ਵਿੱਚ ਸੁਧਾਰ ਲਿਆਉਂਦੇ ਹੋਏ ਬੱਚਿਆਂ ਦੀ ਸੁਰੱਖਿਆ ਵਿੱਚ ਅਸਲ ਸੁਧਾਰ ਲਿਆਉਣ ਵਿੱਚ ਮਦਦ ਕੀਤੀ ਜਾ ਸਕੇ: **2006** ਤਕ

ਅਸੀਂ ਬੱਚਿਆਂ ਦੀ ਸੁਰੱਖਿਆ ਸੇਵਾਵਾਂ ਵਿੱਚ ਸੁਧਾਰ ਦਾ ਇੱਕ ਪ੍ਰੋਗ੍ਰਾਮ ਚਲਾਉਣ ਲਈ ਵਚਨਬੱਧ ਹਾਂ ਅਤੇ ਅਸੀਂ ਪੇਸ਼ਾਵਰਾਂ ਅਤੇ ਏਜੰਸੀਆਂ ਨਾਲ ਮਿਲਕੇ ਕੰਮ ਕਰਾਂਗੇ ਤਾਂ ਜੋ ਇਹਨਾਂ ਵਾਦਿਆਂ ਨੂੰ ਪੂਰਾ ਕਰਨ ਵਿੱਚ ਉਹਨਾਂ ਦੀ ਮਦਦ ਕੀਤੀ ਜਾ ਸਕੇ। ਸਮੇਂ ਦੇ ਨਾਲ-ਨਾਲ ਅਸੀਂ ਤਰੱਕੀ ਦੀ ਜਾਂਚ ਕਰਾਂਗੇ ਅਤੇ ਇਸਨੂੰ ਪੂਰਾ ਕਰਨ ਲਈ ਜ਼ਰੂਰੀ ਕਦਮ ਚੁੱਕਾਂਗੇ।

ਬੱਚਿਆਂ ਅਤੇ ਨੌਜਵਾਨਾਂ ਦੀ ਰੱਖਿਆ ਕਰਨੀ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ।

## ਚਾਰਟਰ ਬਾਰੇ

- ਇਸ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਬੱਚਿਆਂ ਅਤੇ ਨੌਜਵਾਨਾਂ ਨੂੰ ਕਿਸੇ ਦੂਜੇ ਵਿਅਕਤੀ ਦੁਆਰਾ ਨੁਕਸਾਨ ਪਹੁੰਚਾਏ ਜਾਣ ਦਾ ਖ਼ਤਰਾ ਹੁੰਦਾ ਹੈ, ਜਾਂ ਨੁਕਸਾਨ ਪਹੁੰਚਾਇਆ ਜਾਂਦਾ ਹੈ ਤਾਂ ਉਹਨਾਂ ਦੀਆਂ ਕੀ ਲੋੜਾਂ ਹੁੰਦੀਆਂ ਹਨ ਅਤੇ ਉਹ ਕੀ ਉਮੀਦ ਕਰਦੇ ਹਨ ਤਾਂ ਜੋ ਉਹਨਾਂ ਦੀ ਰੱਖਿਆ ਕਰਨ ਵਿੱਚ ਮਦਦ ਕੀਤੀ ਜਾ ਸਕੇ।
- ਇਹ ਉਹਨਾਂ ਬੱਚਿਆਂ ਅਤੇ ਨੌਜਵਾਨਾਂ ਦੇ ਨਾਲ ਗੱਲਬਾਤ ਕਰਕੇ ਤਿਆਰ ਕੀਤਾ ਗਿਆ ਹੈ ਜਿਹਨਾਂ ਨੇ ਸੁਰੱਖਿਆ ਅਤੇ ਸਹਾਇਤਾ ਦੀ ਲੋੜ ਨੂੰ ਅਨੁਭਵ ਕੀਤਾ ਹੈ - ਪਰ ਜੋ ਕੁਝ ਉਹ ਕਹਿ ਰਹੇ ਹਨ ਉਸ ਤੋਂ ਇਹ ਪਤਾ ਲੱਗਦਾ ਹੈ ਕਿ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਕੋਈ ਬੱਚਾ ਕਿਹੋ ਜਿਹਾ ਵਿਵਹਾਰ ਕੀਤੇ ਜਾਣ ਦੀ ਉਮੀਦ ਕਰ ਸਕਦਾ ਹੈ।
- ਬਿਆਨਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਬੱਚਿਆਂ ਅਤੇ ਨੌਜਵਾਨਾਂ ਤੋਂ ਇੱਕ ਦੂਸਰੇ ਨਾਲ ਅਤੇ ਵੱਡਿਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤੇ ਜਾਣ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ।
- ਬੱਚਿਆਂ ਤੋਂ ਮਿਲੇ **13** ਬਿਆਨਾਂ ਦੇ ਜਵਾਬ ਵਿੱਚ **11** ਵਾਅਦੇ ਕੀਤੇ ਗਏ ਹਨ ਅਤੇ ਇਹਨਾਂ ਵਾਦਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਕੀਤੇ ਜਾਣ ਵਾਲੇ ਕੰਮ ਦੀ ਰੂਪਰੇਖਾ ਦਿੱਤੀ ਗਈ ਹੈ।
- ਬੱਚਿਆਂ ਦੇ ਅਧਿਕਾਰ ਬਾਰੇ ਯੂਨਾਈਟਿਡ ਨੇਸ਼ਨਜ਼ ਕਨਵੈਂਸ਼ਨ (**UNCRC**) ਵਿੱਚ ਸਾਰੇ ਬੱਚਿਆਂ ਅਤੇ ਨੌਜਵਾਨਾਂ ਲਈ ਵਿਸਤ੍ਰਿਤ ਅਧਿਕਾਰ ਦੱਸੇ ਗਏ ਹਨ।

ਇਸ ਅਨੁਵਾਦ ਨੂੰ ਅਸਲੀ ਦਸਤਾਵੇਜ਼ ਦਾ ਬਿਲਕੁਲ ਸਹੀ ਚਿੱਤਰਨ (ਅਰਥ) ਮੰਨਿਆ ਗਿਆ ਹੈ।

ਬੇਨਤੀ ਕੀਤੇ ਜਾਣ 'ਤੇ ਇਹ ਚਾਰਟਰ ਵੱਖ-ਵੱਖ ਭਾਸ਼ਾਵਾਂ ਵਿੱਚ ਮਿਲ ਸਕਦਾ ਹੈ।

www.scotland.gov.uk/childrenscharter

ChildLine 0800 1111

ParentLine Scotland because ... being a parent isn't easy 0808 800 2222

Astron B32720 03-04 (Punjabi)